ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ
ਚੌਥੀ ਮੰਜਿਲ, ਈ-ਬਲਾਕ, ਪੀ.ਐਸ.ਈ.ਬੀ ਕੰਪਲੈਕਸ, ਫੇਜ਼-8, ਮੋਹਾਲੀ
(ਕੋਆਰਡੀਨੇਸ਼ਨ ਸੈਲ)

ਸੇਵਾ ਵਿਖੇ

1. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ), ਪੰਜਾਬ।

ਮੀਮੋ ਨੰ:15/28-2015 ਕੋ ਸੈਲ (1)/109 ਮਿਤੀ: 18-03-2016

**ਵਿਸ਼ਾ:** **ਸਾਲ 2016-17 ਦੌਰਾਨ ਤਿੰਨ ਸਾਲਾ ਡਿਪਲੋਮਾ ਕੋਰਸਾਂ ਦੀ ਅਡਮੀਸ਼ਨ ਦੇ ਸਬੰਧ ਵਿੱਚ ਮੰਡਲ ਸਿੱਖਿਆ ਅਫਸਰ/ਜਿਲ੍ਹਾ ਸਿੱਖਿਆ ਅਫਸਰ (ਸੈਸਿ)/ਜਿਲ੍ਹਾ ਸਾਇੰਸ ਸੁਵਰਵਾਈਜਰ ਨੂੰ ਦਿਸਾ ਨਿਰਦੇਸ ਦੇਣ ਸਬੰਧੀ।**

ਹਵਾਲਾ: ਪੰਜਾਬ ਸਟੇਟ ਬੋਰਡ ਆਫ ਟੈਕਨੀਕਲ ਐਜੂਕੇਸ਼ਨ ਐਂਡ ਇੰਡਸਟਰੀਅਲ ਟ੍ਰੇਨਿੰਗ ਦਾ ਪੱਤਰ ਨੰ: ਪਸਬ/ਜੇ.ਈ.ਟੀ/ਡੀ.ਪੀ.ਆਈ/2016/352 ਮਿਤੀ: 16-03-2016.

1. ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਜੀ ਨੂੰ ਸੂਚਨਾ ਅਤੇ ਤੁਰੰਤ ਲੋੜੀਂਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ।
2. ਪੱਤਰ ਵਿੱਚ ਦਿੱਤੇ ਦਿਸਾ ਨਿਰਦੇਸਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਨੱਥੀ: ਉਕਤ ਅਨੁਸਾਰ

ਇੰਚਾਰਜ ਕੋਆਰਡੀਨੇਸ਼ਨ ਸੈਲ
ਦ. ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ

ਪਿੱਠ:ਅੰ: ਨੰ: ਉਕਤ ਮਿਤੀ 18-03-2016

ਉਤਾਰਾ ਰਜਿਸਟਰਾਰ ਪੰਜਾਬ ਸਟੇਟ ਬੋਰਡ ਆਫ ਟੈਕਨੀਕਲ ਐਜੂਕੇਸ਼ਨ ਐਂਡ ਇੰਡਸਟਰੀਅਲ ਟ੍ਰੇਨਿੰਗ, ਪਲਾਟ ਨੰ: 1-ਏ, ਸੈਕਟਰ-36-ਏ, ਚੰਡੀਗੜ੍ਹ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਇੰਚਾਰਜ ਕੋਆਰਡੀਨੇਸ਼ਨ ਸੈਲ
ਦ. ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ

# THE PUNJAB STATE BOARD OF TECHNICAL EDUCATION AND INDUSTRIAL TRAINING

PLOT NO. 1-A, SEC. 36-A, CHANDIGARH PH. : 2615385, 2622584-85 FAX : 2660734

ਨੰ: ਪਸਬ/ਜੇਈਟੀ/ਡੀਪੀਆਈ/2016/ 352 ਮਿਤੀ: 16.3.2016

ਸੇਵਾ ਵਿਖੇ

ਮਾਨਯੋਗ ਡੀ.ਪੀ.ਆਈ (ਸਕੂਲ),
ਸਿੱਖਿਆ ਵਿਭਾਗ ਸਕੂਲ,
ਪੰਜਾਬ ।

ਵਿਸ਼ਾ: ਸਾਲ 2016-17 ਦੌਰਾਨ ਤਿੰਨ ਸਾਲਾ ਡਿਪਲੋਮਾਂ ਕੋਰਸਾਂ ਦੀ ਅਡਮੀਸ਼ਨ ਦੇ ਸਬੰਧੀ ਵਿੱਚ ਮੰਡਲ ਸਿੱਖਿਆ ਅਫਸਰ/ਜਿਲ੍ਹਾ ਸਿੱਖਿਆ ਅਫਸਰ (ਸੈਸਿ)/ ਜਿਲ੍ਹਾ ਸਾਇੰਸ ਸੁਪਰਵਾਇਜ਼ਰ ਨੂੰ ਦਿਸ਼ਾ ਨਿਰਦੇਸ਼ ਦੇਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਸਾਲ 2016-2017 ਦੌਰਾਨ ਪੰਜਾਬ ਸਟੇਟ ਬੋਰਡ ਆਫ ਟੈਕਨੀਕਲ ਐਜੂਕੇਸ਼ਨ ਐਂਡ ਇੰਡ: ਟ੍ਰੇਨਿੰਗ, ਚੰਡੀਗੜ੍ਹ ਦੇ ਅਧੀਨ ਆਉਂਦੇ ਬਹੁਤਕਨੀਕੀ ਸੰਸਥਾਵਾਂ ਵਿੱਚ ਡਿਪਲੋਮਾਂ ਕੋਰਸਾਂ ਵਿੱਚ ਐਡਮੀਸ਼ਨ (ਦਾਖਲਾ) ਸਰਕਾਰ ਵੱਲੋਂ ਜਾਰੀ ਹੋਈ ਨੋਟੀਫਿਕੇਸ਼ਨ ਦੇ ਅਧਾਰ ਤੇ 10ਵੀਂ ਪ੍ਰੀਖਿਆ ਦੀ ਮੈਰਿਟ ਦੇ ਅਧਾਰ ਤੇ ਹੋਵੇਗੀ। ਵਿਦਿਆਰਥੀਆਂ ਨੂੰ ਦਾਖਲਾ ਲੈਣ ਲਈ ਓਨਲਾਈਨ ਅਪਲਾਈ ਕਰਨਾ ਹੋਵੇਗਾ। ਦਾਖਲੇ ਲਈ ਵਿਦਿਆਰਥੀ ਅਪ੍ਰੈਲ ਦੇ ਦੂਜੇ ਹਫਤੇ ਬੋਰਡ ਦੀ ਸਾਈਟ www.punjabteched.com ਅਤੇ www.punjabteched.net ਤੇ ਓਨਲਾਈਨ ਅਪਲਾਈ ਕਰ ਸਕਣਗੇ। ਇਸ ਤੋਂ ਇਲਾਵਾ 12ਵੀਂ ਦੇ ਵਿਦਿਆਰਥੀ ਜਿਨ੍ਹਾਂ ਨੇ ਵੋਕੇਸਨਲ ਕੋਰਸ ਵਿੱਚ ਪ੍ਰੀਖਿਆ ਪਾਸ ਕੀਤੀ ਹੈ ਨੂੰ ਡਿਪਲੋਮਾਂ ਦੇ ਦੂਜੇ ਸਾਲ (ਲੈਟਰਲ ਐਂਟਰੀ) ਵਿੱਚ ਸਿੱਧਾ ਦਾਖਲਾ ਲੈਣ ਲਈ ਪ੍ਰੇਰਿਤ ਕੀਤਾ ਜਾਵੇ।

ਇੱਥੇ ਆਪ ਜੀ ਨੂੰ ਇਹ ਵੀ ਦਸੱਣਯੋਗ ਹੈ ਕਿ ਰਾਜ ਵਿੱਚ 160 ਤੋਂ ਵੱਧ ਬਹੁਤਕਨੀਕੀ ਸੰਸਥਾਵਾਂ ਹਨ। ਜਿਹਨਾਂ ਵਿੱਚ Engineering/ Non Engineering ਦੀਆਂ 33 ਟਰੇਡਾਂ ਚਲ ਰਹੀਆਂ ਹਨ। ਇਹਨਾਂ ਸੰਸਥਾਵਾਂ ਵਿੱਚ ਸਿਖਿਆਰਥੀਆਂ ਲਈ ਲਗਭਗ 65,000 ਸੀਟਾਂ ਹੁੰਦੀਆਂ ਹਨ।

ਦਾਖਲੇ ਪ੍ਰਤੀ ਜਾਗਰੂਕ ਕਰਨ ਸਬੰਧੀ ਪੰਜਾਬ ਰਾਜ ਦੇ ਸਮੂਹ ਮੰਡਲ ਸਿੱਖਿਆ ਅਫਸਰ, ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ: ਸਿ:) ਅਤੇ ਜਿਲ੍ਹਾ ਸਾਇੰਸ ਸੁਪਰਵਾਈਜਰ ਨੂੰ ਲੋੜੀਂਦੇ ਦਿਸ਼ਾ ਨਿਰਦੇਸ਼ ਦਿੱਤੇ ਜਾਣ ਕਿ ਉਹ ਸਬੰਧਤ 10ਵੀਂ ਜਾਂ 12ਵੀਂ ਤੱਕ ਦੇ ਸਕੂਲ ਮੁੱਖੀਆਂ ਨੂੰ ਇਸ ਸਬੰਧੀ ਢੁੱਕਵੀਂ ਜਾਣਕਾਰੀ ਮੁਹਈਆ ਕਰਵਾਉਣ ਅਤੇ ਦਾਖਲੇ ਪ੍ਰਤੀ ਸਿਖਿਆਰਥੀਆਂ ਨੂੰ ਉਤਸ਼ਾਹਿਤ ਕਰਨ ਦੀ ਖੇਚਲ ਕਰਨ । ਇਸ ਸਬੰਧੀ ਮੁਕੰਮਲ ਸੂਚਨਾਂ ਅਪ੍ਰੈਲ ਦੇ ਦੂਜੇ

ਹਫਤੇ ਵਿੱਚ ਪੰਜਾਬ ਬੋਰਡ ਦੀ ਵੈਬਸਾਈਟ ਤੇ www.punjabteched.net ਅਤੇ www.punjabteched.com ਦੇਖਣ ਯੋਗ ਹੋਵੇਗੀ।

ਇਸ ਤੋਂ ਇਲਾਵਾ ਬੇਨਤੀ ਹੈ ਕਿ ਬੋਰਡ ਦਫਤਰ ਨਾਲ ਐਫੀਲਿਏਟਡ ਬਹੁਤਕਨੀਕੀ ਸੰਸਥਾਵਾਂ ਦੇ ਮੁੱਖੀਆਂ, ਦਾਖਲੇ ਨਾਲ ਸਬੰਧਤ ਬਹੁਤਕਨੀਕੀ ਕਾਲਜ ਦੇ ਸਟਾਫ ਨੂੰ ਪੂਰਨ ਸਹਿਯੋਗ ਦੇਣ ਲਈ ਆਪਣੇ ਅਧੀਨ ਸਮੂਹ ਅਦਾਰਿਆਂ ਨੂੰ ਦਿਸ਼ਾ ਨਿਰਦੇਸ਼ ਦਿੱਤੇ ਜਾਣ।

ਰਜਿਸਟਰਾਰ

ਉਤਾਰਾ:

1 ਪੀਏ/ਚੇਅਰਮੈਨ ਸੂਚਨਾ ਹਿੱਤ।

2 ਪੀਏ/ਸਕੱਤਰ ਸੂਚਨਾ ਹਿੱਤ ।